212

# ਸ਼ੀਰਾਜ਼ਾ

ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

**Sheeraza** R.N. No. 28873/76 January-February 2019

(Punjabi)

ਸਾਲ : 50 ਅੰਕ : 2 ਕੁਲ ਅੰਕ : 212

*Editor-in-chief*

**Dr. Aziz Hajini**

*Editor*

**Popinder Singh Paras**

J&K ACADEMY OF ART CULTURE & LANGUAGES

**ਸਰਵਰਕ** : ਪੋਪਿੰਦਰ ਸਿੰਘ ਪਾਰਸ, 9906977731

---

**ਪ੍ਰਕਾਸ਼ਕ** : ਸੈਕਰੇਟਰੀ, ਜੰਮੂ–ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ– 180 001

***Publisher*** : **Secretary, J&K Academy of Art, Culture and Languages, JAMMU- 180 001**

**ਛਾਪਕ** : ਕਲਾਸਿਕ ਪ੍ਰਿੰਟਰਜ਼, ਬਾੜੀ ਬ੍ਰਾਹਮਨਾਂ, ਜੰਮੂ

**ਮੁੱਲ** : ਦਸ ਰੁਪਏ

**ਸਾਲਾਨਾ** : 50 ਰੁਪਏ

# ਤਤਕਰਾ


- ਆਲੇਖ
  - ਮਿਥ ਕੀ ਹੈ ?/*ਜੋਗਿੰਦਰ ਸਿੰਘ ਪਾਂਧੀ*/1
  - ਸ਼ਬਦੀ ਵਿਅੰਗ ਦਾ ਮਾਹਿਰ : ਭੂਸ਼ਨ ਧਿਆਨਪੁਰੀ/*ਡਾ. ਨਰੇਸ਼ ਕੁਮਾਰ*/10
  - ਗਿਆਨੀ ਜੀਵਨ ਸਿੰਘ : ਜੀਵਨ ਤੇ ਰਚਨਾ/*ਦੇਵਿੰਦਰ ਸਿੰਘ ਵਿਸ਼ਵਨਾਗਰਿਕ*/17
  - ਪਾਵੇ ਨਾਲ ਬੰਨ੍ਹਿਆ ਕਾਲ : ਭਾਸ਼ਕ ਸੰਰਚਨਾ/*ਡਾ. ਮਨਜੀਤ ਕੌਰ*/30
  - ਹੋਏ ਆਪਣੇ ਕਿਉਂ ਪਰਾਏ : ਇਕ ਵਿਸ਼ਲੇਸ਼ਣ/*ਡਾ. ਅਨੁਰਾਧਾ*/38
  - ਕਲਾਮ ਸ਼ਾਹ ਹੁਸੈਨ: 'ਫ਼ਕੀਰ' ਦੀ ਅਰਥ ਵਿਗਆਨਕ ਜੁਗਤ/*ਸੰਦੀਪ ਕੌਰ*/43
  - ਕਸ਼ਮੀਰੀ ਸਭਿਆਚਾਰ ਦੇ ਪ੍ਰਸੰਗ ਵਿਚ ਨਾਵਲ ਸ਼ਿਕਾਰਗਾਹ ਦੀ ਭੂਮਿਕਾ/*ਰਾਜਬੀਰ ਸਿੰਘ ਸੋਢੀ*/49
- ਵਿਅੰਗ
  - ਭਗਤਾਂ ਦਾ ਬੇੜਾ ਪਾਰ/*ਡਾ. ਮੋਨੋਜੀਤ*/53
- ਕਹਾਣੀਆਂ
  - ਮੈਲੀ ਚਾਦਰ/*ਦੀਦਾਰ ਸਿੰਘ*/59
  - ਅਖੋਂ ਅਥਰੂ ਕਿਉਂ ਚੋਵੇ...?/*ਇਛੂਪਾਲ ਸਿੰਘ*/64
  - ਮਾਂ/*ਬਲਵਿੰਦਰ ਬਾਲਮ*/70
  - ਫੰਬਾ/*ਜੰਗ ਐਸ. ਵਰਮਨ*/75
  - ਅਣਡਿੱਠਾ ਸੱਚ/*ਡਾ. ਤਰਵਿੰਦਰ ਕੌਰ*/79
- ਕਾਵਿ ਰੂਪ
  - ਗ਼ਜ਼ਲ/*ਬਲਜੀਤ ਸਿੰਘ ਰੈਨਾ*/84
  - ਮੈਂ ਦਰਦਾਂ ਦੀ ਭੱਠੀ ਤਾਈ/*ਜਿਤੇਂਦਰ ਉਧਮਪੁਰੀ*/85
  - ਕੁਝ ਨਾ ਲੋੜੀ ਦਾ/*ਹਰਦੀਪ ਕੌਰ 'ਦੀਪਕ'*/86
  - ਗ਼ਜ਼ਲ/*ਅਮਰਜੀਤ ਕੌਰ ਅਮਰ*/87
  - ਵੋਟਾਂ/*ਹਰਭਜਨ ਸਿੰਘ ਉਪਾਸ਼ਕ*/88
  - ਵਿਚ ਉਡੀਕਾਂ ਉਮਰ ਬਿਤਾਈ/*ਸੂਰਜ ਸਿੰਘ 'ਸੂਰਜ'*/89
  - ਉਸਤਾਦ/*ਡਾ. ਮਮਤਾ*/90
  - ਸੱਚ/*ਦਮੋਦਰ ਸਿੰਘ 'ਹਮਦਰਦ'*/91
  - ਯਾਦਾਂ ਦੀ ਦਸਤਕ/ਦੋਸ਼ੀ ਕੌਣ/*ਤੇਜਿੰਦਰ ਚੰਡਿਹੋਕ*/92-93
  - ਗ਼ਜ਼ਲ/*ਰਾਜ ਗੁਰਦਾਸਪੁਰੀ*/94
  - ਮੇਰਾ ਪੰਜਾਬ/*ਦੀਪਕ ਸ਼ਰਮਾ ਚਨਾਰਥਲ*/95
  - ਟੱਪੇ/*ਅਮਰੀਕ ਸਿੰਘ ਸੰਘੇੜਾ*/96
- ਨਵੀਆਂ ਕਲਮਾਂ
  - ਨਾਵਲ 'ਸ਼ਾਹਰਗ ਦੇ ਰਿਸ਼ਤੇ' ਵਿਚ ਪਾਤਰਾਂ ਦਾ ਬਿਰਤਾਂਤ/*ਹਰਮਿੰਦਰ ਸਿੰਘ*/97
  - 'ਕਲਖ ਹਨੇਰੇ' : ਇਨਸਾਨੀਅਤ ਦਾ ਡਿੱਗ ਰਿਹਾ ਗਰਾਫ/*ਡਾ. ਹਰਜੋਤ ਕੌਰ*/105
  - ਹਰਭਜਨ ਮਾਨ ਦੀਆਂ ਫ਼ਿਲਮਾਂ ਵਿਚ ਪਰਵਾਸੀ ਚੇਤਨਾ/*ਸਿਮਰਨ ਸੇਠੀ*/110
  - ਸੋਸ਼ਲ ਮੀਡੀਆ ਰਾਹੀਂ ਪੇਸ਼ ਹੋ ਰਿਹਾ ਸਮਾਜਕ ਯਥਾਰਥ/*ਕਿਰਨਪ੍ਰੀਤ ਕੌਰ*/118
  - ਜੈਂਡਰ ਸਿਧਾਂਤ : ਇੱਕ ਚਰਚਾ/*ਡਾ. ਰੁਪਿੰਦਰ ਕੌਰ*/128
- ਪੁਸਤਕ ਪੜਚੋਲ
  - ਪੰਜਾਬੀ ਮਿੰਨੀ ਕਹਾਣੀ ਦੇ ਵਰਤਮਾਨ ਪਰਿਪੇਖ ਨੂੰ ਸਮਝਣ ਦਾ ਯਤਨ-ਹਰਪ੍ਰੀਤ ਸਿੰਘ ਰਾਣਾ ਦੀ ਪੁਸਤਕ 'ਤਤਕਾਲ'/*ਜਗਦੀਸ਼ ਰਾਏ ਕੁਲਰੀਆਂ*/133

Regd. No. 28873/76
ISSN 2319-5053
UGC No. 41927

Jan - Feb 2019

# ਸ਼ਬਦੀ ਵਿਅੰਗ ਦਾ ਮਾਹਿਰ : ਭੂਸ਼ਨ ਧਿਆਨਪੁਰੀ

❒ ਡਾ. ਨਰੇਸ਼ ਕੁਮਾਰ

ਭੂਸ਼ਨ ਧਿਆਨਪੁਰੀ ਪੰਜਾਬੀ ਵਾਰਤਕ ਦੇ ਖੇਤਰ ਵਿੱਚ ਘੱਟ ਲਿਖਣ ਵਾਲਾ ਪਰ ਗੰਭੀਰ ਅਤੇ ਵਿਲੱਖਣ ਸ਼ੈਲੀ ਦਾ ਧਾਰਨੀ ਵਾਰਤਕਾਰ ਹੈ। ਉਸ ਦੀ ਸਾਹਿਤਕ ਖੇਤਰ ਵਿੱਚ ਕਵੀ ਵਜੋਂ ਆਮਦ ਹੋਈ ਪਰ ਥੋੜ੍ਹੇ ਹੀ ਸਮੇਂ ਬਾਅਦ ਉਹ ਮੁਕੰਮਲ ਰੂਪ ਵਿੱਚ ਵਾਰਤਕ ਨੂੰ ਸਮਰਪਿਤ ਹੋ ਗਿਆ। ਕਾਵਿ ਦੇ ਖੇਤਰ ਵਿੱਚ ਵੀ ਉਸਦੀ ਸ਼ੈਲੀ ਵਿਅੰਗਾਤਮਕ ਹੈ ਅਤੇ ਵਾਰਤਕ ਵਿੱਚ ਵੀ ਤੇਜ ਤਰਾਰ ਵਿਅੰਗ ਹੀ ਉਸ ਦੇ ਕੰਮ ਆਉਂਦਾ ਹੈ। ਭੂਸ਼ਨ ਧਿਆਨਪੁਰੀ ਦੇ ਦੋ ਕਾਵਿ ਸੰਗ੍ਰਹਿ - ਇਕ ਮਸੀਹਾ ਹੋਰ (1970) ਅਤੇ ਜਾਂਦੀ ਵਾਰ ਦਾ ਸੱਚ (1986) ਅਤੇ ਤਿੰਨ ਵਾਰਤਕ ਦੀਆਂ ਪੁਸਤਕਾਂ - ਸਿਰਜਣਧਾਰਾ (ਨਿਬੰਧ, 1982), ਮੇਰੀ ਕਿਤਾਬ (ਸਵੈ-ਜੀਵਨੀ, 2009) ਅਤੇ ਰਾਈਟਰਜ਼ ਕਾਲੋਨੀ (ਰੇਖਾ - ਚਿੱਤਰ, 2016) ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਭੂਸ਼ਨ ਧਿਆਨਪੁਰੀ ਦੇ ਲਿਖਣ ਦਾ ਸਬੱਬ ਵਧੇਰੇ ਅਖਬਾਰੀ ਅਤੇ ਪਤ੍ਰਿਕਾਵਾਂ ਦੇ ਕਾਲਮ ਬਣੇ। ਉਸ ਨੇ ਲੋਅ, ਨਾਗਮਣੀ, ਅੱਖਰ ਅਤੇ ਪੰਜਾਬੀ ਟ੍ਰਿਬਊਨ ਵਿੱਚ ਬੋਲ ਖਬੋਲ, ਅਦਬੀਆਂ- ਬੇਅਦਬੀਆਂ, ਮੂੰਹ ਆਈ ਬਾਤ, ਕਵੀ ਓ ਵਾਚ, ਹਾਜ਼ਰ ਹਾਂ ਦੋਸਤੋ, ਸਾਹਿਤ ਬਾਣੀ ਅਤੇ ਡਾਕਖਾਨਾ ਖਾਸ ਜਿਹੇ ਮਸ਼ਹੂਰ ਕਾਲਮ ਲਿਖੇ। ਫਿਰ ਇਹਨਿਬੰਧ ਹੀ ਉਸ ਦੀਆਂ ਪੁਸਤਕਾਂ ਵਿੱਚ ਪ੍ਰਕਾਸ਼ਿਤ ਹੋਏ। ਉਸ ਨੂੰ ਅਖ਼ਬਾਰੀ ਜਾਂ ਪਤ੍ਰਿਕਾਵਾਂ ਦਾ ਵਾਰਤਕਾਰ ਵੀ ਕਿਹਾ ਜਾ ਸਕਦਾ ਹੈ। ਜਾਂ ਫਿਰ ਸਾਹਿਤਕ ਪੱਤਰਕਾਰੀ ਦੀਆਂ ਨਵੀਨ ਪੈੜਾਂ ਸਥਾਪਿਤ ਕਰਨ ਵਾਲਾ ਵੀ। ਭੂਸ਼ਨ ਧਿਆਨਪੁਰੀ ਸਾਹਿਤਕ ਹਲਕਿਆਂ ਵਿੱਚ ਤਾਂ ਜਾਣਿਆ- ਪਛਾਣਿਆ ਨਾਮ ਹੈ ਪਰ ਪੰਜਾਬੀ ਆਲੋਚਕਾਂ ਦਾ ਧਿਆਨ ਉਸ ਵੱਲ ਨਾਂਹ ਦੇ ਬਰਾਬਰ ਹੀ ਗਿਆ। ਡਾ. ਹਰਿਭਜਨ ਸਿੰਘ ਭਾਟੀਆ, ਮੋਹਨ ਭੰਡਾਰੀ ਅਤੇ ਸੁਭਾਸ਼ ਪਰਿਹਾਰ ਆਦਿ ਦੇ ਭੂਸ਼ਨ ਧਿਆਨਪੁਰੀ ਦੀਆਂ ਪੁਸਤਕਾਂ ਸੰਬੰਧੀ ਰਿਵਊ ਤਾਂ ਪ੍ਰਾਪਤ ਹੁੰਦੇ ਹਨ ਪਰ ਆਧੁਨਿਕ ਵਾਰਤਕ ਦੇ ਇਤਿਹਾਸ ਜਾਂ ਸਾਹਿਤ ਦੇ ਇਤਿਹਾਸਾਂ ਵਿੱਚ ਉਸ ਦਾ ਬਣਦਾ ਜ਼ਿਕਰ ਨਹੀਂ ਕੀਤਾ ਗਿਆ। ਇਸ ਤੋਂ ਅਗਾਹ ਅਜੇ ਤੱਕ ਉਸਦੀ ਮੁਕੰਮਲ ਵਾਰਤਕ ਉੱਪਰ ਵੀ ਕੋਈ ਖੋਜ-ਪੱਤਰ ਨਹੀਂ ਮਿਲਦਾ। ਭੂਸ਼ਨ ਧਿਆਨਪੁਰੀ ਵੀ ਕਈ ਹੋਰ ਸਾਹਿਤਕਾਰਾਂ ਅਤੇ ਆਲੋਚਕਾਂ ਵਾਂਗ ਅਣਗੌਲਿਆ ਵਾਰਤਕਾਰ ਹੈ। ਭੂਸ਼ਨ ਧਿਆਨਪੁਰੀ ਸੰਬੰਧੀ ਪ੍ਰੇਮ ਪ੍ਰਕਾਸ਼ ਲਿਖਦਾ ਹੈ:

ਉਹ ਧਰਮ, ਮਨੁੱਖੀ ਭਾਵਨਾਵਾਂ ਤੇ ਭਾਵਨਾਵਾਂ ਦੇ ਟਕਰਾਉਣ ਦਾ ਗਿਆਤਾ ਸੀ, ਪਰ ਉਸਦੀ ਸ਼ਾਇਰੀ, ਉਹਦੇ ਗੰਭੀਰ ਲੇਖਾਂ ਤੇ ਹਾਸ ਵਿਅੰਗ ਨੂੰ ਏਨੀ ਮਾਨਤਾ ਨਹੀਂ ਮਿਲੀ, ਜਿਸਦਾ ਉਹ ਹੱਕਦਾਰ ਸੀ। ਜਿਹੜੀ ਮਿਲੀ, ਉਹ ਅਖ਼ਬਾਰਾਂ ਦੇ ਪਾਠਕਾਂ ਤੋਂ।[1]

ਭੂਸ਼ਨ ਧਿਆਨਪੁਰੀ ਨੇ ਕਦੇ ਵੀ ਸਾਹਿਤ ਸਿਰਜਣਾ ਕਿਸੇ ਤਰਤੀਬ ਜਾਂ ਮਨੋਰਥ ਤਹਿਤ ਨਹੀਂ ਕੀਤੀ। ਉਸ ਦਾ ਜੀਵਨ ਵੀ ਬੇਤਰਤੀਬ ਸੀ ਅਤੇ ਇਹੀ ਬੇਤਰਤੀਬੀ ਦੀ ਰੂਚੀ ਸਾਹਿਤ ਸਿਰਜਣਾ ਵਿੱਚ ਵੀ ਬਣੀ ਰਹੀ। ਉਸ ਦੇ ਆਪਣੇ ਸ਼ਬਦਾਂ ਵਿੱਚ, ਕਦੇ ਕੋਈ ਰਚਨਾ ਇਸ ਲਈ ਨਹੀਂ ਕੀਤੀ ਕਿ ਇਹ ਕਿਤਾਬ ਦਾ ਹਿੱਸਾ ਬਣੇਗੀ। ਲਿਖੀ ਗਈ ਰਚਨਾ ਦੀ ਨਕਲ ਕਦੇ ਨਹੀਂ ਰੱਖੀ। .... ਮੇਰਾ

*ਅਸਿਸਟੈਂਟ ਪ੍ਰੋਫੈਸਰ, ਪੋਸਟ ਗ੍ਰੈਜੂਏਸ਼ਨ ਪੰਜਾਬੀ ਵਿਭਾਗ, ਬੀ. ਯੂ. ਸੀ. ਕਾਲਜ, ਬਟਾਲਾ, ਮੋਬਾਇਲ ਨੰਬਰ 9878889269*

ਲਿਖਣ ਦਾ ਕਾਰਜ 1960 ਤੋਂ ਸ਼ੁਰੂ ਹੁੰਦਾ ਹੈ । 1960 ਤੋਂ 2009 ਤੱਕ ਮੇਰੇ ਕੋਲੋਂ ਕਾਫੀ ਮਿਕਦਾਰ ਵਿੱਚ ਲਿਖਿਆ ਗਿਆ। ਪਰ ਵਿਉਂਤਬੰਦੀ ਨਾ ਹੋਣ ਕਾਰਨ ਹੁਣ ਉਸ ਲਿਖੇ ਵਿੱਚੋਂ ਬਹੁਤੇ ਕੁੱਝ ਦਾ ਥੋਹ ਪਤਾ ਨਹੀਂ ਲੱਗਦਾ। "[2] ਭੂਸ਼ਨ ਧਿਆਨਪੁਰੀ ਦੀ ਸਾਰੀ ਸਾਹਿਤਕ ਰਚਨਾ ਸਾਹਿਤ ਅਤੇ ਜੀਵਨ ਅਨੁਭਵ ਵਿੱਚੋਂ ਜਨਮੀ ਹੈ। ਕਾਹਲ ਨਾ ਭੂਸ਼ਨ ਧਿਆਨਪੁਰੀ ਦੇ ਜੀਵਨ ਦਾ ਹਿੱਸਾ ਰਹੀ ਅਤੇ ਨਾ ਹੀ ਉਸਦੀ ਸਾਹਿਤਕ ਰਚਨਾ ਦਾ ਜੋ ਉਸਨੇ ਜੀਵਿਆਂ ਉਹ ਹੀ ਉਸਨੇ ਸਿਰਜੀਆਂ।

ਭੂਸ਼ਨ ਧਿਆਨਪੁਰੀ ਨੇ ਵਿਭਿੰਨ ਸਾਹਿਤਕ, ਸਮਾਜਿਕ, ਰਾਜਨੀਤਕ, ਸਭਿਆਚਾਰਕ ਅਤੇ ਆਰਥਿਕ ਮਸਲਿਆਂ ਨੂੰ ਕਾਵਿਮਈ ਤੇ ਵਿਅੰਗਮਈ ਸ਼ੈਲੀ ਵਿੱਚ ਪੇਸ਼ ਕੀਤਾ। ਉਹ ਅਖਾਣਾਂ, ਮੁਹਾਵਰਿਆਂ, ਲੋਕ ਗੀਤਾਂ, ਲੋਕ ਕਥਾਵਾਂ, ਕਾਵਿ ਟੋਟਕਿਆਂ ਅਤੇ ਮਿੱਥਹਾਸਕ ਹਵਾਲਿਆਂ ਨਾਲ ਆਪਣੇ ਨੁਕਤਿਆਂ ਦੀ ਪੁਸ਼ਟੀ ਕਰਦਾ ਹੈ। ਉਸਦੀ ਵਾਰਤਕ ਸਾਹਿਤਕਾਰਾਂ, ਆਲੋਚਕਾਂ, ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਅਤੇ ਸਿਧਾਂਤਕਾਰੀ ਨੂੰ ਅਧਿਐਨ-ਵਸਤੂ ਵਜੋਂ ਗ੍ਰਹਿਣ ਕਰਦੀ ਹੋਈ ਬੇਬਾਕ, ਸੰਜੀਦਾ ਅਤੇ ਗੰਭੀਰ ਕਿਸਮ ਦੇ ਸੂਤਰ ਨਿਤਾਰਦੀ ਹੈ। ਇਹ ਸੂਤਰ ਜੇਕਰ ਪੰਜਾਬੀ ਅਲੋਚਨਾ ਵਿੱਚ ਗੌਲੇ ਜਾਣ ਤਾਂ ਕਈ ਭਰਮ ਟੁੱਟ ਸਕਦੇ ਹਨ। ਅਤੇ ਕਈ ਨਵੇਂ ਅਯਾਮ ਸਥਾਪਿਤ ਹੋ ਸਕਦੇ ਹਨ। ਭੂਸ਼ਨ ਧਿਆਨਪੁਰੀ ਦੀਆਂ ਸਾਹਿਤਕਾਰਾਂ ਅਤੇ ਅਲੋਚਕਾਂ ਸੰਬੰਧੀ ਟਿੱਪਣੀਆਂ ਸੰਜੀਦਾ/ ਗੰਭੀਰ ਵੀ ਹੁੰਦੀਆਂ ਹਨ ਤੇ ਕਈ ਵਾਰ ਸਤਹੀ ਪੱਧਰ ਦੀਆਂ ਵੀ। ਭੂਸ਼ਨ ਜਦ ਸਾਹਿਤ ਦੇ ਮਨੋਰਥ, ਪ੍ਰਕਿਰਤੀ ਅਤੇ ਸਿਧਾਂਤਕ ਨੁਕਤਿਆਂ ਦਾ ਜ਼ਿਕਰ ਕਰਦਾ ਹੈ ਤਾਂ ਸਹਿਜ ਰਹਿੰਦਾ ਹੈ ਪਰ ਜਦ ਵਿਹਾਰਕ ਅਧਿਐਨ ਵੱਲ ਆਉਂਦਾ ਹੈ ਤਾਂ ਖੁਦਰਾ ਹੀ ਨਹੀਂ ਆਪਹੁਦਰਾ ਹੁੰਦਾ ਜਾਂਦਾ ਹੈ। ਇਸ ਪਰਿਪੇਖ ਵਿੱਚ ਉਸਦੀਆਂ ਕੁਝ ਧਾਰਨਾਵਾਂ ਵੇਖੀਆਂ ਜਾ ਸਕਦੀਆਂ ਹਨ :

ਸਾਹਿਤ ਦੀ ਮਨੁੱਖੀ ਜੀਵਨ ਵਿੱਚ ਭੂਮਿਕਾ ਕੇਵਲ ਏਨੀ ਹੈ ਕਿ ਸਾਹਿਤ ਮਨੁੱਖ ਨੂੰ ਜੀਵਨ ਸੰਬੰਧੀ ਪੈਦਾ ਹੋਣ ਵਾਲੇ ਹਰ ਸਵਾਲ ਦਾ ਜਵਾਬ ਦੇਂਦਾ ਹੈ। ਅਸੀਂ ਜਵਾਬ ਦੇਂਦਾ ਹੈ ਕਿਹਾ ਹੈ; ਇਹ ਨਹੀਂ ਕਿਹਾ ਕਿ ਸਮਾਧਾਨ ਕਰਦਾ ਹੈ। ਸਾਹਿਤ ਚੋਂ ਜਵਾਬ ਉਦੋਂ ਮਿਲਦਾ ਹੈ ਜਦੋਂ ਉਸ ਨਾਲ ਸੰਵਾਦ ਰਚਾਈਏ। ਖੋਹ ਕੇ, ਲੜ ਕੇ ਜਾਂ ਕਾਹਲੇ ਪੈ ਕੇ ਕੁਝ ਨਹੀਂ ਲਿਆ ਜਾ ਸਕਦਾ।[3]

ਹਰ ਸਾਹਿਤਕਾਰ ਸ਼ੁਰੂ ਸ਼ੁਰੂ ਵਿੱਚ ਸ਼ਾਇਰ ਹੁੰਦਾ ਹੈ। ਉਹ ਜਿਉਂ ਜਿਉਂ ਪਰਪੱਕ ਹੁੰਦਾ ਜਾਂਦਾ ਹੈ, ਵਾਰਤਕ ਵੱਲ ਤੁਰਨਾ ਸ਼ੁਰੂ ਕਰ ਦਿੰਦਾ ਹੈ। ਪਰੰਤੂ ਕਈ ਮਹਾਂਪੁਰਖ ਸਾਰੀ ਉਮਰ ਕਵੀ ਹੀ ਬਣੇ ਰਹਿੰਦੇ ਹਨ, ਜਿਵੇਂ ਕੋਈ ਸਾਰੀ ਉਮਰ ਸਿਰਫ਼ ਬੱਚਾ ਹੀ ਬਣਿਆ ਰਹੇ। ਹਰ ਗੱਲ ਦਾ ਕੋਈ ਮੁਕਾਮ ਹੁੰਦਾ ਹੈ ਗੱਲ ਕਰਨ ਤੋਂ ਪਹਿਲਾਂ ਦਾੜ੍ਹੀ ਦਾ ਰੰਗ ਵੇਖਣਾ ਪੈਂਦਾ ਹੈ। ਜੇ ਕੋਈ ਦੁੱਧ ਚਿੱਟੀ ਉਮਰੇ ਚੰਨ ਦੀ ਗਰਾਹੀ ਮੰਗੇ ਤਾਂ ਉਹ ਦਿਲਚਸਪ ਤਾਂ ਲੱਗ ਸਕਦਾ ਹੈ, ਸਿਆਣਾ ਨਹੀਂ ਤੇ ਫਿਰ ਜੇ ਕੋਈ ਕਹਿ ਦਏ ਕਿ ਬੈਠ ਵੇ ਗਿਆਨੀ ਬੁੱਧੀ ਮੰਡਲੇ ਦੀ ਕੈਦ ਵਿੱਚ ਤਾਂ ਉਸ ਦਾ ਕੀ ਇਲਾਜ?[4]

ਕਵਿਤਾ ਸੰਬੰਧੀ ਅਤੇ ਪੰਜਾਬੀ ਆਲੋਚਨਾ ਸੰਬੰਧੀ ਉਸ ਦੀਆਂ ਧਾਰਨਾਵਾਂ ਨਾਕਾਰਾਤਮਕ ਹੀ ਹਨ। ਉਸ ਨੂੰ ਕਵਿਤਾ ਅਤੇ ਆਲੋਚਨਾ ਤਰਕਹੀਨ ਅਤੇ ਮੁੱਲਹੀਨ ਜਾਪਦੀ ਹੈ। ਇਸ ਤਰ੍ਹਾਂ ਦੇ ਵਿਚਾਰ ਉਸਦੀ ਵਾਰਤਕ ਦੇ ਆਰ ਪਾਰ ਫੈਲੇ ਹੋਏ ਹਨ। ਹਾਂ ਉਹ ਵਾਰਤਕ ਨੂੰ ਕਵਿਤਾ ਤੋਂ ਵਧੇਰੇ ਤੱਥ ਪੂਰਨ ਤੇ ਤਰਕਪੂਰਨ ਮੰਨਦਾ ਹੈ। ਉਸ ਨੂੰ ਜਾਪਦਾ ਹੈ ਕਿ ਵਾਰਤਕ ਦੇ ਹੋਂਦ ਗ੍ਰਹਿਣ ਕਰਨ ਉਪਰੰਤ ਕਵਿਤਾ ਦੀ ਸਿਰਜਣਾ ਕਰਨਾ ਮੂਰਖਤਾ ਹੈ। ਉਸ ਦੇ ਆਪਣੇ ਸ਼ਬਦਾਂ ਵਿੱਚ, ਕਵਿਤਾ ਵਿੱਚ ਦਲੀਲ ਹੁੰਦੀ ਹੀ ਨਹੀਂ; ਦਲੀਲ ਦਾ ਤਾਅਲੁਕ ਤਾਂ ਵਾਰਤਕ ਨਾਲ ਹੈ। "[5] ਏਸੇ ਤਰ੍ਹਾਂ ਹੀ ਉਹ ਪੰਜਾਬੀ ਆਲੋਚਕਾਂ ਸੰਬੰਧੀ ਲਿਖਦਾ ਹੈ ਕਿ "ਪੰਜਾਬੀ ਦੇ ਆਲੋਚਕਾਂ ਬਾਰੇ ਕੋਈ ਟੀਕਾ-ਟਿੱਪਣੀ ਕਰਨਾ ਚਿੱਕੜ ਵਿੱਚ ਵੱਟਾ ਸੁੱਟਣ ਜਾਂ ਭੂੰਡਾਂ ਦੀ ਖੱਖਰ ਨੂੰ ਛੇੜਨ ਵਾਲੀ ਗੱਲ ਹੈ। ਇਹ ਲੋਕ ਅੰਗਰੇਜ਼ੀ ਦੇ ਘੋੜੇ ਤੇ ਸਵਾਰ ਹੋ ਕੇ ਪੰਜਾਬੀ ਦਾ ਸ਼ਿਕਾਰ ਕਰਦੇ ਹਨ। "[6] ਭੂਸ਼ਨ ਧਿਆਨਪੁਰੀ ਦੀਆਂ ਉਪਰੋਕਤ ਧਾਰਨਾਵਾਂ ਨਾਲ ਇਕ ਪੱਧਰ ਤਕ ਤੇ ਸਹਿਮਤ ਹੋਇਆ ਜਾ ਸਕਦਾ ਹੈ ਪਰ

ਕਿਸੇ ਵੀ ਅਨੁਸ਼ਾਸਨ ਜਾਂ ਸਾਹਿਤ ਰੂਪ ਨੂੰ ਮੂਲੋਂ ਰੱਦ ਕਰਨ ਨੂੰ ਵੀ ਸਿਆਣਪ ਨਹੀਂ ਕਿਹਾ ਜਾ ਸਕਦਾ।

ਇਨ੍ਹਾਂ ਸੀਮਾਵਾਂ ਦੇ ਬਾਵਜੂਦ ਭੂਸ਼ਨ ਧਿਆਨਪੁਰੀ ਪੰਜਾਬੀ ਸਾਹਿਤਕਾਰਾਂ ਦੇ ਜੀਵਨ ਅਤੇ ਸਾਹਿਤ ਸੰਬੰਧੀ ਅਜਿਹੇ ਤੱਥ ਵੀ ਪੇਸ਼ ਕਰਦਾ ਹੈ ਜਿਹੜੇ ਸਾਡੇ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੂੰ ਵੀ ਨਜ਼ਰੀ ਨਹੀਂ ਪਏ। ਇਸ ਸੰਦਰਭ ਵਿੱਚ ਉਸ ਦੇ ਸਾਰੇ ਹੀ ਰੇਖਾ ਚਿੱਤਰ ਵੇਖੇ ਜਾ ਸਕਦੇ ਹਨ ਜਾਂ ਬ੍ਰਿਜ ਨਾਲ ਸ਼ਾਸਤਰੀ ਹੁਰਾਂ ਸਬੰਧੀ ਉਸ ਦੇ ਨਿਬੰਧ ਖਾਸ ਤਵੱਜੋ ਦੀ ਮੰਗ ਕਰਦੇ ਹਨ। ਉਹ ਇਨ੍ਹਾਂ ਨਿਬੰਧਾਂ ਵਿੱਚ ਤੱਥਾਂ ਨੂੰ ਪੇਸ਼ ਹੀ ਨਹੀਂ ਕਰਦਾ ਸਗੋਂ ਉਹਨਾਂ ਦੀ ਪਿੱਠ-ਭੂਮੀ ਨੂੰ ਵੀ ਫਰੋਲਦਾ ਨਜ਼ਰ ਆਉਂਦਾ ਹੈ:

ਬ੍ਰਿਜ ਲਾਲ ਸ਼ਾਸਤਰੀ ਨਾਲ ਮੇਰੀ ਮੁਲਾਕਾਤ 1980 ਵਿੱਚ ਹੋਈ, ਜਦੋਂ ਮੈਂ ਸਰਕਾਰੀ ਕਾਲਜ ਰੋਪੜ ਵਿਖੇ ਲੈਕਚਰਾਰ ਨਿਯੁਕਤ ਹੋਇਆ। ਸ਼ਾਸਤਰੀ ਜੀ ਵੀ ਇਸੇ ਕਾਲਜ ਤੋਂ, ਸੰਸਕ੍ਰਿਤ ਵਿਭਾਗ ਦੇ ਮੁੱਖੀ ਵਜੋਂ, 1949 ਵਿੱਚ ਰਿਟਾਇਰ ਹੋਏ ਸਨ। ਮੈਂ ਉਹਨਾਂ ਨੂੰ ਮਿਲ ਕੇ ਬਹੁਤ ਹੈਰਾਨ ਹੋਇਆ ਕਿਉਂਕਿ ਸਾਹਿਤ ਦੇ ਇਕ ਇਤਿਹਾਸ ਵਿੱਚ ਉਹਨਾਂ ਦਾ ਸਮਾਂ (1871-1971) ਦਿੱਤਾ ਗਿਆ ਸੀ। ਸ਼ਾਸਤਰੀ ਜੀ ਆਪਣੀ ਪਤਨੀ ਰਕ਼ਸ਼ਾ ਜੀ ਨਾਲ ਆਪਣੇ ਖੁਲੇ - ਡੁਲੇ ਅਤੇ ਸਾਦਾ ਜਿਹੇ ਘਰ ਵਿੱਚ ਰਹਿੰਦੇ ਸਨ।[7]

ਭੂਸ਼ਨ ਧਿਆਨਪੁਰੀ ਪ੍ਰਸ਼ਨ-ਉੱਤਰੀ ਸ਼ੈਲੀ, ਯਾਦਾਂ, ਮੁਲਾਕਾਤਾਂ ਦੀ ਵਰਤੋਂ ਨਾਲ ਵੀ ਆਪਣੀ ਵਾਰਤਕ ਵੱਲ ਪਾਠਕਾਂ ਦਾ ਧਿਆਨ ਖਿੱਚਦਾ ਹੈ। ਉਹ ਤੱਥਾਂ ਦੀ ਤਰਕ ਸਹਿਤ ਪੇਸ਼ਕਾਰੀ ਵੀ ਕਰਦਾ ਹੈ। ਬਸ ਉਸਦਾ ਮਸਲਿਆਂ ਨੂੰ ਬਿਆਨ ਕਰਨ ਦਾ ਅੰਦਾਜ਼ ਹੀ ਹੋਰ ਵਾਰਤਕਾਰਾਂ ਨਾਲੋਂ ਉਸ ਨੂੰ ਵੱਖਰੀ ਨੁਹਾਰ ਪ੍ਰਦਾਨ ਕਰਦਾ ਹੈ। ਉਸ ਦੁਆਰਾ ਮੁਲਾਕਾਤਾਂ ਦੌਰਾਨ ਪੁੱਛੇ ਗਏ ਪ੍ਰਸ਼ਨ ਆਪਣੇ ਸਾਹਿਤਕ ਮਨੋਰਥ ਅਤੇ ਅਗਲੇ ਦੀ ਮੁਕੰਮਲ ਸਖ਼ਸੀਅਤ ਨੂੰ ਉਭਾਰਨ ਵਾਲੇ ਹੁੰਦੇ ਹਨ। ਉਹ ਇੰਟਰਵਿਊ/ ਮੁਲਾਕਾਤ ਵਿੱਚੋਂ ਨਿਤਾਰੇ ਸੂਤਰਾਂ ਨੂੰ ਵੀ ਅਖ਼ੀਰ ਉੱਪਰ ਦਰਜ਼ ਕਰਦਾ ਹੈ। ਜਿਸ ਨਾਲ ਪਾਠਕ ਦੀਆਂ ਕਈ ਮਾਨਸਿਕ ਉਲਝਨਾਂ ਦੂਰ ਹੋ ਜਾਂਦੀਆਂ ਹਨ। ਇਸ ਸੰਦਰਭ ਵਿੱਚ ਭੂਸ਼ਨ ਧਿਆਨਪੁਰੀ ਦੀਆਂ ਡਾ. ਹਰਿਭਜਨ ਸਿੰਘ ਅਤੇ ਪ੍ਰੇਮ ਪ੍ਰਕਾਸ਼ ਸੰਬੰਧੀ ਹੇਠਲੀਆਂ ਟਿੱਪਣੀਆਂ ਵੇਖੀਆਂ ਜਾ ਸਕਦੀਆਂ ਹਨ:

ਮੌਜੂਦਾ ਮੁਲਾਕਾਤ ਵਿੱਚ ਤੁਹਾਨੂੰ ਹਰਿਭਜਨ ਸਿੰਘ ਹਿਸਾਬੀ ਜਿਹਾ ਲੱਗ ਸਕਦਾ ਹੈ। ਉਸ ਦੀਆਂ ਗੱਲ੍ਹਾਂ ਦਾ ਇਹ ਸਿਲਸਿਲਾ ਕਿਤਾਬੀ ਜਿਹਾ ਲੱਗ ਸਕਦਾ ਹੈ। ਕਿਤੇ ਕਿਤੇ ਸ਼ਾਇਦ ਉਹ ਸ਼ਰਾਬੀ ਜਿਹਾ ਵੀ ਲੱਗ ਸਕਦਾ ਹੈ। ...ਹਾਂ ਉਹ ਇਹੋ ਜਿਹਾ ਹੀ ਹੈ ਉਸਨੇ ਇਹੋ ਜਿਹਾ ਹੀ ਬਣਨਾ ਚਾਹਿਆ ਹੈ। ਉਹਦਾ ਜੋ ਬਣਿਆ, ਸਭ ਦੇ ਸਾਹਮਣੇ ਹੈ। ਉਸ ਦਾ ਕੁਝ ਵੀ ਕਿਸੇ ਤੋਂ ਗੁਝਾ ਨਹੀਂ ਹੈ। ਉਸ ਦੇ ਮੱਥੇ ਵਿੱਚ ਦੀਵਾ ਮਰ ਕੇ ਵੀ ਬੁਝਿਆ ਨਹੀਂ।[8]

ਸੈਕਸ ਅਤੇ ਜਾਤ-ਬਰਾਦਰੀ ਦੇ ਵੇਰਵਿਆਂ ਵਿੱਚ ਖੁੱਭ ਕੇ ਉਹਨੂੰ ਆਨੰਦ ਮਿਲਦਾ ਹੈ। ਨੈਤਿਕਤਾ ਦੇ ਮਾਪ-ਦੰਡ ਭੰਨਦਾ ਤੋੜਦਾ ਰਹਿੰਦਾ ਹੈ। ਕੌੜੀ ਗੱਲ ਮੂੰਹ ਤੇ ਕਹਿੰਦਾ ਹੈ।[9]

ਭੂਸ਼ਨ ਧਿਆਨਪੁਰੀ ਦੀ ਡਾ. ਹਰਿਭਜਨ ਸਿੰਘ ਸੰਬੰਧੀ ਉਪਰੋਕਤ ਟਿੱਪਣੀ ਅਤੇ ਮੁਕੰਮਲ ਮੁਲਾਕਾਤ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਹਰਿਭਜਨ ਸਿੰਘ ਸੰਬੰਧੀ ਲਿਖੇ ਆਪਣੇ ਨਿਬੰਧ ਵਿੱਚ ਉਹ ਹਰਿਭਜਨ ਸਿੰਘ ਦੀ ਕਵਿਤਾ ਸੰਬੰਧੀ ਤੇਜ-ਤਰਾਰ ਤੇ ਆਪ ਹੁਦਰੀਆਂ ਟਿੱਪਣੀਆਂ ਕਰਦਾ ਹੈ ਜਿਸਦਾ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ ਪਰ ਮੁਲਾਕਾਤ ਸਮੇਂ ਉਸ ਦੀ ਸੁਰ ਨਰਮ ਬਣੀ ਰਹਿੰਦੀ ਹੈ। ਉਹ ਕੋਈ ਵੀ ਤਿੱਖਾ ਸਵਾਲ ਡਾ.ਹਰਿਭਜਨ ਸਿੰਘ ਨੂੰ ਨਹੀਂ ਕਰਦਾ। ਹਾਂ ਉਸਦੀ ਵਾਰਤਕ ਵਿੱਚਲੀਆਂ ਪੰਜਾਬੀ ਸਾਹਿਤਕਾਰਾਂ, ਪੰਜਾਬ ਜਾਂ ਭਾਰਤ ਨਾਲ ਸੰਬੰਧਿਤ ਇਤਿਹਾਸਿਕ

ਤੱਥਾਂ ਸੰਬੰਧੀ ਟਿੱਪਣੀਆਂ ਪਾਠਕਾਂ ਨੂੰ ਸੋਚਣ ਲਈ ਅਤੇ ਤੱਥਾਂ ਨੂੰ ਫਿਰ ਤੋਂ ਹੰਗਾਲਨ ਲਈ ਪ੍ਰੇਰਦੀਆਂ ਜ਼ਰੂਰ ਹਨ। ਉਹ ਕਿਸੇ ਵੀ ਵਾਦ ਜਾਂ ਵਿਚਾਰਧਾਰਾ ਨਾਲ ਉਪਭਾਵੁਕਤਾ ਦੀ ਹੱਦ ਤੀਕ ਨਹੀਂ ਜੁੜਿਆ ਜਿਵੇਂ ਕਿ ਪੰਜਾਬੀ ਦੇ ਬਹੁਤੇ ਸਾਹਿਤਕਾਰ ਤੇ ਆਲੋਚਕ ਜੁੜੇ ਰਹੇ ਨੇ ਤੇ ਹੁਣ ਵੀ ਜੁੜੇ ਹਨ। ਉਹ ਸਮਾਜਿਕ ਇਤਿਹਾਸਕ ਤੱਥਾਂ ਨੂੰ ਬੇਬਾਕੀ ਨਾਲ ਨਸਰ ਕਰਦਾ ਹੈ ਜਿਹੜੇ ਹੋਰ ਕਿਧਰੇ ਤੁਹਾਨੂੰ ਨਹੀਂ ਲੱਭਦੇ ਪਰ ਇਹ ਤੱਥ ਸੱਚੇ ਹਨ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਅਤੇ ਸੰਤ ਸਿੰਘ ਸੇਖੋਂ ਸੰਬੰਧੀ ਉਸਦੀਆਂ ਟਿੱਪਣੀਆਂ ਮਹੱਤਵਪੂਰਨ ਜਾਪਦੀਆਂ ਹਨ:

ਭਗਤ ਸਿੰਘ ਦਾ ਛੋਟਾ ਭਰਾ ਜਨਸੰਘ ਦਾ 'ਦੀਵਾ' ਫੜ ਕੇ ਚੋਣ ਲੜ ਰਿਹਾ ਸੀ। ਉਸ ਦੀ ਵੱਡੀ ਭੈਣ ਛੋਟੇ ਭਰਾ ਦੀ ਚੋਣ ਮੁਹਿੰਮ ਵਿੱਚ ਆਪਣੇ ਸ਼ਹੀਦ ਭਰਾ ਦਾ ਵਾਸਤਾ ਪਾ ਰਹੀ ਸੀ। ਸ਼ਹੀਦ ਭਗਤ ਸਿੰਘ ਦੇ ਲਹੂ ਬਦਲੇ ਲੋਕਾਂ ਕੋਲੋਂ ਵੋਟ ਚਾਹ ਰਹੀ ਸੀ। ਇਹ ਜੋ ਜਨਸੰਘ ਦਾ ਚੋਣ ਨਿਸ਼ਾਨ ਹੈ ਨਾ ਦੀਪਕ, ਇਹ ਸਾਧਾਰਨ ਦੀਵਾ ਨਹੀਂ। ਇਸ ਵਿੱਚ ਤੇਲ ਨਹੀਂ ਬਲਦਾ ਇਸ ਵਿੱਚ ਮੇਰੇ ਭਰਾ ਭਗਤ ਸਿੰਘ ਦਾ ਲਹੂ ਬਲਦਾ ਹੈ।(10)

ਇਨ੍ਹਾਂ ਸਤਰਾਂ ਦਾ ਲੇਖਕ ਜਦੋਂ ਸੰਤ ਸਿੰਘ ਸੇਖੋਂ ਨੂੰ ਮੌਜੂਦਾ ਪੰਜਾਬ ਸੰਕਟ ਬਾਰੇ ਟਿੱਪਣੀ ਕਰਨ ਨੂੰ ਕਹਿੰਦਾ ਹੈ ਤਾਂ ਅੱਗੋਂ ਜਵਾਬ ਮਿਲਦਾ ਹੈ: ਮੈਂ ਕਹਿੰਦਾ ਇਹ ਮੁੰਡੇ ਭਾਵੇਂ ਸਾਰੇ ਦੇਸ਼ ਨੂੰ ਅੱਗ ਲਾ ਦੇਣ ਪਰ ਮੈਨੂੰ ਕੁਝ ਨਾ ਕਹਿਣ ਤੇ ਫਿਰ ਗੋਡਿਆਂ ਤੇ ਹੱਥ ਰੱਖ ਕੇ ਠਹਾਕਾ ਮਾਰ ਕੇ ਹੱਸਦਾ ਹੈ। ਇਹੀ ਬਾਬਾ ਬੋਹੜ ਕਹਾਉਣ ਵਾਲਾ ਲੇਖਕ ਆਪਣੇ ਅੱਸੀਵੇਂ ਜਨਮ ਦਿਨ ਉੱਤੇ ਆਪਣੀ ਆਖਰੀ ਤੇ ਸਭ ਤੋਂ ਵੱਡੀ ਇੱਛਿਆ ਦਾ ਇਜ਼ਹਾਰ ਇਹ ਕਹਿ ਕੇ ਕਰਦਾ ਹੈ ਕਿ ਮੈਂ ਆਪਣੀ ਮੌਤ ਤੋਂ ਪਹਿਲਾਂ ਆਪਣੇ ਪੋਤਰੇ ਕੋਲ ਦੋ ਕਾਰਾਂ ਵੇਖਣਾ ਚਾਹੁੰਦਾ ਹਾਂ।(11)

ਭੂਸ਼ਨ ਧਿਆਨਪੁਰੀ ਜਿੱਥੇ ਹਰੇਕ ਸਰੋਕਾਰ / ਵਰਤਾਰੇ ਨੂੰ ਬਿਨ੍ਹਾਂ ਡਰ ਤੋਖਲੇ ਦੇ ਬੇਬਾਕੀ ਨਾਲ ਪੇਸ਼ ਕਰਦਾ ਹੈ। ਉਸ ਦੇ ਨਾਲ ਹੀ ਉਹ ਇਨ੍ਹਾਂ ਵਰਤਾਰਿਆਂ-ਅਤੇ ਸਾਹਿਤਕਾਰਾਂ ਦੀ ਭੂਮਿਕਾ ਉੱਤੇ ਪ੍ਰਸ਼ਨ ਚਿੰਨ੍ਹ ਵੀ ਲਗਾਉਂਦਾ ਹੈ। ਜਿੰਨ੍ਹਾਂ ਤੱਥਾਂ ਦਾ ਵਿਚਾਰਧਾਰਕ ਪ੍ਰਤਿਬੱਧ, ਉਪਭਾਵੁਕ ਲੇਖਕ ਤੇ ਚਿੰਤਕ ਕਦੇ ਜ਼ਿਕਰ ਵੀ ਨਹੀਂ ਕਰਦੇ ਜਾਂ ਤੱਥਾਂ ਨੂੰ ਭੰਨ / ਤਰੋੜ ਕੇ ਪੇਸ਼ ਕਰਦੇ ਹਨ। ਭੂਸ਼ਨ ਧਿਆਨਪੁਰੀ ਉਹਨਾਂ ਤੱਥਾਂ ਨੂੰ ਬਿਆਨ ਹੀ ਨਹੀਂ ਕਰਦਾ ਸਗੋਂ ਉਹਨਾਂ ਦੀ ਤਲੱਖ ਹਕੀਕਤ ਨੂੰ ਵੀ ਪੇਸ਼ ਕਰਦਾ ਹੈ। ਇਸ ਲਈ ਇਹ ਤੱਥ ਵੀ ਵਿਚਾਰਯੋਗ ਹੈ ਕਿ ਪੰਜਾਬ ਵਿੱਚ ਮਾਰਕਸਵਾਦੀਆਂ ਦਾ ਰੌਲਾ ਤਾਂ ਬਹੁਤ ਹੈ ਪਰ ਲੋਕ ਲਹਿਰ ਉਸਾਰਨ ਵਿੱਚ ਉਹ ਕਾਮਯਾਬ ਨਹੀਂ। ਏਸੇ ਤਰ੍ਹਾਂ ਹੀ ਸਾਡੇ ਪੰਜਾਬੀ ਦੇ ਲੇਖਕ ਵੀ ਰਾਜਨੀਤਿਕ ਪਾਰਟੀਆਂ ਨਾਲ ਸੰਬੰਧ ਰੱਖਦੇ ਹਨ। ਰੁਤਬਿਆਂ ਦੇ ਵੀ ਭੁੱਖੇ ਹਨ। ਭੰਡੀ ਪੂੰਜੀਵਾਦ ਜਾ ਸੱਤਾਧਾਰੀ ਧਿਰ ਦੀ ਕਰਦੇ ਹਨ ਤੇ ਇਨਾਮ ਸਨਮਾਨ ਵੀ ਉਹਨਾਂ ਤੋਂ ਹੀ ਲੈਂਦੇ ਹਨ। ਇਹ ਵਿਡੰਬਨਾ ਹੀ ਹੈ ਕਿ ਮੱਧਵਰਗੀ ਲੇਖਕ ਅਵਾਮ ਨੂੰ ਮੂਰਖ ਬਣਾ ਆਪਣੇ ਹਿੱਤ ਸੁਰੱਖਿਅਤ ਰਖਦੇ ਹਨ। ਇਸ ਮੱਧਵਰਗੀ ਸਾਹਿਤਕਾਰਾਂ ਦੀ ਧਿਰ ਦੀ ਮੌਕਾਪ੍ਰਸਤੀ ਸੰਬੰਧੀ ਵੀ ਭੂਸ਼ਨ ਸਵਾਲ ਕਰਦਾ ਹੈ:

ਸਭ ਤੋਂ ਵੱਧ ਤੁਕਬੰਦੀਆਂ ਕਾਮਰੇਡਾਂ ਕੋਲ ਹੁੰਦੀਆਂ ਸਨ ਪਰ ਪਤਾ ਨਹੀਂ ਪੰਜਾਬ ਵਿੱਚ ਇਨ੍ਹਾਂ ਦਾ ਆਧਾਰ ਕਿਉਂ ਨਹੀਂ ਬਣ ਸਕਿਆ। ਭੀੜਾਂ ਵੋਟਾਂ ਵਿੱਚ ਤਬਦੀਲ ਕਿਉਂ ਨਹੀਂ ਹੁੰਦੀਆਂ। ਸਭਿਆਚਾਰਕ ਅਤੇ ਸਾਹਿਤਕ ਫਰੰਟ ਤੇ ਇਹਨਾਂ ਨੇ ਬੜੀਆਂ ਮੱਲਾਂ ਮਾਰੀਆਂ ਹਨ। ਅਜਿਹੀਆਂ ਜਥੇਬੰਦੀਆਂ ਤੇ ਹੁਣ ਤੱਕ ਕਾਬਜ ਹਨ। ਪਰੰਤੂ ਇਨ੍ਹਾਂ ਦੀਆਂ ਤੁਕਬੰਦੀਆਂ ਹੀ ਇਨ੍ਹਾ ਲਈ ਮਿਹਣਾ ਬਣ ਗਈਆਂ ਹਨ । ...ਜਨ ਸੰਘ ਨਾਲ ਦੀਪਕ ਜੈਤੋਈ ਜੁੜਿਆ ਹੋਇਆ ਸੀ। ਪੰਡਤ ਮੋਹਨ ਲਾਲ ਦੀਆਂ ਰੈਲੀਆਂ ਵਿੱਚ ਸ਼ਿਵ ਕੁਮਾਰ ਸ਼ਾਮਲ ਹੁੰਦਾ ਸੀ।(12)

ਭੂਸ਼ਨ ਧਿਆਨਪੁਰੀ ਦੀ ਬਾਵਾ ਲਾਲ ਦਿਆਲ ਦੇ ਡੇਰੇ ਨਾਲ ਸਾਂਝ ਹੋਣ ਕਾਰਨ ਉਸ ਨੂੰ ਵੇਦਾਂ, ਵੇਦਾਂਤ ਅਤੇ ਭਾਰਤੀ ਮਿੱਥਿਹਾਸ ਸਬੰਧੀ ਬਹੁਤ ਜਾਣਕਾਰੀ ਹੈ। ਉਹ ਧਾਰਮਿਕ /ਅਧਿਆਤਮਕ ਫ਼ਲਸਫੇ ਦੇ ਅਧਾਰ ਉੱਪਰ ਕਈ ਥਾਂਈ ਮਾਰਕਸਵਾਦੀ ਫ਼ਲਸਫੇ ਨੂੰ ਰੱਦ ਕਰਦਾ ਹੈ। ਭੂਸ਼ਨ ਧਿਆਨਪੁਰੀ ਕਿਸੇ ਵਿਚਾਰਧਾਰਾ ਦੇ ਵਿਸ਼ਵ ਦ੍ਰਿਸ਼ਟੀਕੋਣ ਨੂੰ ਸਮਝਣ ਵਿੱਚ ਅਸਮੱਰਥ ਹੈ। ਜਾਣਕਾਰੀ ਹੋਣਾ ਵੱਖਰੀ ਗੱਲ ਹੈ। ਕਿਸੇ ਵਿਚਾਰਧਾਰਾ ਦੀਆਂ ਤੈਹਾਂ ਨੂੰ ਨਿਰਪੱਖਤਾ ਸਾਹਿਤ ਸਮਝਣਾ ਵੱਖਰਾ ਵਰਤਾਰਾ ਹੈ। ਭੂਸ਼ਨ ਧਿਆਨਪੁਰੀ ਵਿਚਾਰਧਾਰਕ ਪੱਖੋ ਭਰਮਗ੍ਰਸਤ ਹੀ ਰਿਹਾ। ਉਸ ਨੂੰ ਰਜਨੀਸ਼ ਓਸ਼ੋ ਦਾ ਫ਼ਲਸਫਾ ਸਮਾਜ ਨੂੰ ਨਿਜਾਦ ਦਿਵਾਉਣ ਵਾਲਾ ਸਰਬ ਸਪੰਨ ਵਿਖਾਈ ਦਿੰਦਾ ਹੈ। ਏਥੇ ਮੈਨੂੰ ਭੂਸ਼ਨ ਧਿਆਨਪੁਰੀ ਟੱਪਲਾ ਖਾਂਦਾ ਨਜ਼ਰ ਆਉਂਦਾ ਹੈ। ਰਜਨੀਸ਼ ਓਸ਼ੋ ਸੰਬੰਧੀ ਭੂਸ਼ਨ ਦੀ ਧਾਰਨਾ ਹੈ:

ਉਸ ਦੇ ਬੋਲਾਂ ਵਿੱਚ ਧਰਮ, ਰਾਜਨੀਤੀ, ਵਿਗਿਆਨ, ਕਲਾ, ਸਾਹਿਤ, ਇਤਿਹਾਸ, ਭੂਗੋਲ ...ਸਭ ਇਕ ਹੋ ਜਾਂਦੇ ਨੇ। ਦੁਨੀਆਂ ਦੇ ਸਾਰੇ ਬੁਧ ਪੁਰਸ਼ ਸਾਡੀ ਸਮਝ ਵਿੱਚ ਆਉਣ ਵਾਲੀ ਭਾਸ਼ਾ ਬੋਲਦੇ ਨੇ। ਉਹ ਗੱਲ ਨੂੰ ਉਲਝਾਉਂਦਾ ਨਹੀਂ ਸਮਝਾਉਂਦਾ ਹੈ। ਉਸ ਦੀ ਸ਼ੈਲੀ ਵਿੱਚ ਕਰੁਣਾ ਹੈ, ਸ਼ਬਦਾਂ ਵਿੱਚ ਰਸ ਹੈ। ਆਮ ਆਦਮੀ ਦੇ ਪੱਲੇ ਪੈਂਦੈ।[13]

ਭੂਸ਼ਨ ਧਿਆਨਪੁਰੀ ਦੀ ਇਸ ਟਿੱਪਣੀ ਤੋਂ ਉਸ ਦੀ ਉਪਭਾਵੁਕ ਬਿਰਤੀ ਦੀ ਵੀ ਪਛਾਣ ਕੀਤੀ ਜਾ ਸਕਦੀ ਹੈ। ਏਥੇ ਭੂਸ਼ਨ ਦਾ ਤਰਕ, ਤੱਥ ਅਤੇ ਵਿਅੰਗ ਉਸ ਤੋਂ ਪਿੱਠ ਕਰ ਲੈਂਦੇ ਹਨ। ਪੰਜਾਬੀ ਆਲੋਚਕਾਂ, ਸਾਹਿਤਕਾਰਾਂ ਅਤੇ ਹੋਰ ਸਮਾਜਿਕ ਸ਼ਖਸ਼ੀਅਤਾਂ ਸੰਬੰਧੀ ਉਸਦੀਆਂ ਟਿੱਪਣੀਆਂ ਬੇਬਾਕ, ਵਿਅੰਗਮਈ ਅਤੇ ਤਿੱਖੀਆਂ ਹਨ। ਪਰ ਰਜਨੀਸ਼ ਓਸ਼ੋ ਸੰਬੰਧੀ ਉਸਦੀ ਸ਼ਬਦਾਵਲੀ ਇੱਕ ਸ਼ਰਧਾਲੂ ਵਾਲੀ ਵਿਖਾਈ ਦਿੰਦੀ ਹੈ। ਭੂਸ਼ਨ ਧਿਆਨਪੁਰੀ ਜਿੱਥੇ ਸਾਹਿਤਕ ਮਸਲਿਆਂ ਸੰਬੰਧੀ ਤਰਕ ਤੋਂ ਕੰਮ ਲੈਂਦਾ ਹੈ ਉੱਥੇ ਉਹ ਧਾਰਮਿਕ / ਅਧਿਆਤਮਕ ਬਿਰਤੀ ਤੋਂ ਅਗਾਂਹ ਬਾਵਾ ਲਾਲ ਧਿਆਨਪੁਰ ਡੇਰੇ ਨਾਲ ਅੰਧ-ਵਿਸ਼ਵਾਸ ਦੀ ਹੱਦ ਤੱਕ ਸੰਬੰਧਿਤ ਸਾਖੀਆਂ ਨੂੰ ਆਪਣੀ ਪੁਸਤਕ ਵਿੱਚ ਦਰਜ਼ ਕਰ ਜਾਂਦਾ ਹੈ। ਇਸ ਸੰਦਰਭ ਵਿੱਚ ਉਹ ਆਪਣੇ ਭਰਾ ਉੱਪਰ ਬਾਬਿਆਂ ਦੀ ਕਰੋਪੀ ਦਾ ਜ਼ਿਕਰ ਕਰਦਾ ਹੈ:

ਉਨ੍ਹਾਂ ਮੁੰਡਿਆਂ ਦਾ ਲੀਡਰ ਮੇਰਾ ਵੱਡਾ ਭਰਾ ਪ੍ਰੀਤ ਹੁੰਦਾ ਸੀ। ਬਾਬੇ ਦੀਆਂ ਬਦਅਸੀਸਾਂ ਦਾ ਇਸ ਟੋਲੇ ਉੱਤੇ ਬੁਰਾ ਅਸਰ ਪਿਆ। ਹੁਣ ਤਕ ਪੈ ਰਿਹਾ ਹੈ।[14]

ਭੂਸ਼ਨ ਧਿਆਨਪੁਰੀ ਨੂੰ ਅਸੀਂ ਭਰਮ ਗ੍ਰਸਤ ਅਤੇ ਅੰਧ ਵਿਸ਼ਵਾਸੀ ਦੇ ਰੂਪ ਵਿੱਚ ਵੀ ਦੇਖ ਸਕਦੇ ਹਾਂ। ਉਸ ਦੀ ਵਾਰਤਕ ਵਿੱਚ ਇਹ ਸਰੋਕਾਰ ਵੀ ਪ੍ਰਮੁੱਖ ਹੈ ਕਿ ਸੱਚ ਦੀ ਤਲਾਸ਼ ਲਈ ਅਧਿਆਤਮ ਹੀ ਸਹੀ ਰਸਤਾ ਹੈ। ਭਾਰਤੀ / ਪੰਜਾਬੀ ਸਮਾਜ ਦੀ ਬਣਤਰ ਅਤੇ ਇਤਿਹਾਸ ਵਿੱਚ ਧਾਰਮਿਕਤਾ / ਅਧਿਆਤਮਿਕਤਾ ਦਾ ਅਸਰ ਬਹੁਤ ਗੂੜ੍ਹਾ ਹੈ। ਭਾਰਤੀ/ ਪੰਜਾਬੀ ਸਮਾਜ ਨੂੰ ਇਸ ਤੋਂ ਵਿਛੁੰਨ ਕੇ ਨਹੀਂ ਵੇਖਿਆ ਜਾ ਸਕਦਾ। ਪਰ ਭੂਸ਼ਨ ਧਿਆਨਪੁਰੀ ਸਮਕਾਲੀ ਗਿਆਨ ਤੋਂ ਵਿਹੂਣੇ ਸਧਾਰਨ ਮਨੁੱਖ ਵਰਗੀਆਂ ਵੀ ਗੱਲਾਂ ਕਰ ਜਾਂਦਾ ਹੈ। ਇਹ ਨੁਕਤਾ ਹੀ ਉਸ ਦੀ ਵਾਰਤਕ ਨੂੰ ਸਤਹੀ ਪੱਧਰ ਤੱਕ ਲੈ ਆਉਂਦਾ ਹੈ। ਭੂਸ਼ਨ ਦੇ ਭਰਮਾਂ ਦਾ ਨਿਵਾਰਨ ਕਿਧਰੇ ਵੀ ਨਹੀਂ ਹੁੰਦਾ। ਏਸੇ ਲਈ ਉਹ ਕਈ ਵਾਰ ਆਤਮ ਵਿਰੋਧੀ ਧਾਰਨਾਵਾਂ ਵੀ ਪੇਸ਼ ਕਰ ਜਾਂਦਾ ਹੈ। ਉਸ ਕੋਲ ਤੱਥ ਤੇ ਤਰਕ ਵੀ ਹੈ ਪਰ ਅਖ਼ੀਰ ਮਾਨਸਿਕ ਭਟਕਣ ਦਾ ਸ਼ਿਕਾਰ ਹੋ ਉਸ ਦੀ ਟੇਕ ਅਧਿਆਤਮ ਉਤੇ ਆ ਟਿਕਦੀ ਹੈ। ਉਸ ਦੀ ਅਧਿਆਤਮ ਸੰਬੰਧੀ ਧਾਰਨਾ ਹੈ:

ਸੱਚ ਦੀ ਤਲਾਸ਼ ਦਾ ਪ੍ਰਮੁੱਖ ਮਾਧਿਅਮ ਅਧਿਆਤਮ ਰਿਹਾ ਹੈ। ਸਾਹਿਤ, ਸਮਾਜ ਅਤੇ ਸਭਿਆਚਾਰ ਨੂੰ ਅਧਿਆਤਮਕ ਵਿਰਾਸਤ ਨਾਲੋਂ ਤੋੜ ਕੇ ਨਹੀਂ ਵੇਖਿਆ ਜਾ ਸਕਦਾ। ਸਾਡੀ ਭਾਸ਼ਾ

ਅਪਣੇ ਸੀਨੇ ਵਿੱਚ ਬੜਾ ਕੁਝ ਸਮੋਈ ਬੈਠੀ ਹੈ।(15)

ਅਸੀਂ ਭਾਰਤੀ / ਪੰਜਾਬੀ ਲੋਕ ਕਦੇ ਵੀ ਧਾਰਮਿਕ / ਅਧਿਆਤਮਿਕ ਵਿਰਸੇ ਤੋਂ ਟੁੱਟ ਕੇ ਆਪਣੀ ਹੋਂਦ ਅਤੇ ਸਭਿਆਚਾਰ ਨੂੰ ਨਹੀਂ ਵੇਖ ਸਕਦੇ। ਪਰ ਕੁਝ ਗੱਲਾਂ ਉੱਪਰ ਧਿਆਨ ਕੇਂਦਰਿਤ ਕਰਨ ਦੀ ਵੀ ਲੋੜ ਹੈ। ਅਦਿੱਖ ਸਤਾ ਉਪਰ ਅੰਤਰਮੁੱਖੀ ਰੂਪ ਜਾਂ ਤਾਂ ਭਰੋਸਾ ਕੀਤਾ ਜਾ ਸਕਦਾ ਹੈ। ਚੇਤਨ ਪੱਧਰ ਉਪਰ ਨਹੀਂ। ਸਮਾਜ ਮਨੁੱਖਾਂ ਨਾਲ ਹੀ ਬਣਦਾ ਹੈ। ਤੇ ਮਨੁੱਖ ਹੀ ਸਮਾਜ ਨੂੰ ਚਲਾਉਂਦੇ ਹਨ। ਸਮਾਜ ਦੇ ਵਿਕਾਸ ਅਤੇ ਇਸ ਦੀ ਬਣਤਰ ਦੀ ਸਮਝ ਹੋਣਾ ਜ਼ਰੂਰੀ ਹੈ। ਇਹ ਸਮਝ ਹੀ ਮਨੁੱਖ ਨੂੰ ਸੰਘਰਸ਼ ਦੇ ਰਾਹ ਤੋਰਦੀ ਹੈ। ਉਪਰੋਕਤ ਸੂਤਰ ਭੂਸ਼ਨ ਧਿਆਨਪੁਰੀ ਦੀ ਵਾਰਤਕ ਦੇ ਵੱਖਰੇ ਪੱਖ ਹਨ। ਪਰ ਭੂਸ਼ਨ ਧਿਆਨਪੁਰੀ ਕਮਾਲ ਦਾ ਵਾਰਤਾਕਾਰ ਹੈ ਇਸ ਵਿੱਚ ਵੀ ਕੋਈ ਸ਼ੱਕ ਨਹੀਂ। ਉਸ ਦੀ ਭਾਸ਼ਾ ਉਪਰ ਪਕੜ ਹੈ। ਫਿਕਰੇ ਦਰਜ਼ ਕਰਨੇ ਤੇ ਦਰੁਸਤ ਕਰਨੇ ਉਸਦੀ ਮਕਸ਼ ਦਾ ਹਿੱਸਾ ਹੈ। ਉਹ ਅਪਣੀਆਂ ਪੇਂਡੂ ਜੜਾਂ ਨਾਲ ਜੁੜਿਆ ਹੋਇਆ ਵਾਰਤਾਕਾਰ ਹੈ। ਉਸ ਦਾ ਜੜਾਂ ਨਾਲ ਜੁੜਿਆ ਹੋਣਾ ਹੀ ਉਸ ਦੀ ਵਾਰਤਕ ਦੀ ਊਰਜਾ ਹੈ। ਇਹ ਊਰਜਾ ਹੀ ਉਸ ਨੂੰ ਵਿਚਾਰਾਂ ਦੇ ਵੇਗ ਦੇ ਹਾਣ ਦੀ ਭਾਸ਼ਾ ਪ੍ਰਦਾਨ ਕਰਦੀ ਹੈ। ਪਿੰਡ ਸੰਬੰਧੀ ਉਸ ਦੀ ਧਾਰਨਾ ਹੈ:

ਪਿੰਡ ਜਿਨ੍ਹਾਂ ਦੇ ਮਨ ਵਸਿਆ ਉਹ ਕਲਾਕਾਂਰ ਹੋ ਗਏ। ਪਿੰਡ ਦੀ ਖਾਸੀਅਤ ਹੈ ਕਿ ਉਹ ਆਪਣੀ ਲੋੜ ਤੋਂ ਕਿਤੇ ਵੱਧ ਰਚਦਾ ਹੈ।(16)

ਭੂਸ਼ਨ ਧਿਆਨਪੁਰੀ ਦੀ ਵਾਰਤਕ ਵਿੱਚ ਏਨ੍ਹਾਂ ਵਹਾਅ ਹੈ ਕਿ ਉਹ ਕਾਵਿਮਈ ਹੋ ਜਾਂਦੀ ਹੈ। ਇਸ ਤਰ੍ਹਾਂ ਉਸ ਸਮੇਂ ਹੀ ਵਾਪਰਦਾ ਹੈ ਜਦੋਂ ਪ੍ਰੋ. ਪੂਰਨ ਸਿੰਘ ਵਾਂਗ ਵਾਰਤਾਕਾਰ ਕੋਲ ਵੇਗਮਈ ਵਿਚਾਰਾਂ ਦੇ ਨਾਲ ਸ਼ਬਦਾਂ ਦਾ ਭੰਡਾਰ ਵੀ ਹੋਵੇ। ਭੂਸ਼ਨ ਧਿਆਨਪੁਰੀ ਨੇ ਨਿੱਠ ਕੇ ਪੰਜਾਬੀ ਸਾਹਿਤ, ਆਲੋਚਨਾ ਅਤੇ ਇਤਿਹਾਸ/ ਮਿਥਹਾਸ ਦਾ ਅਧਿਐਨ ਕੀਤਾ ਹੈ। ਇਸ ਅਧਿਐਨ ਵਿੱਚੋਂ ਹੀ ਉਸ ਦੇ ਮਜ਼ਮੂਨ ਹੋਂਦ ਗ੍ਰਹਿਣ ਕਰਦੇ ਹਨ। ਪੰਜਾਬੀ ਵਾਰਤਕ ਦੇ ਖੇਤਰ ਵਿੱਚ ਉਸ ਨੇ ਵਿੱਲਖਣ ਪੈੜਾ ਸਥਾਪਿਤ ਕੀਤੀਆਂ ਹਨ। ਇਹ ਵੱਖਰੀ ਗੱਲ ਹੈ ਕਿ ਪੰਜਾਬੀ ਆਲੋਚਕਾਂ ਨੇ ਉਸ ਦੀ ਵਾਰਤਕ ਦਾ ਅਜੇ ਤੱਕ ਬਣਦਾ ਮੁੱਲ ਨਹੀਂ ਪਾਇਆ। ਉਸ ਦੀਆਂ ਵਾਰਤਕ ਰਚਨਾਵਾਂ ਸਾਹਿਤ ਤੇ ਸਮਾਜਿਕ ਸਰੋਕਾਰਾਂ ਪੱਖੋਂ ਸਾਰਥਕ ਹਨ। ਭਾਵੇਂ ਭੂਸ਼ਨ ਧਿਆਨਪੁਰੀ ਦੀ ਵਾਰਤਕ ਸੀਮਾਵਾਂ ਤੋਂ ਰਹਿਤ ਨਹੀਂ ਪਰ ਫਿਰ ਵੀ ਇਹ ਵਾਰਤਕ ਪੰਜਾਬੀ ਸਾਹਿਤ ਦੇ ਇਤਿਹਾਸਕ ਦਸਤਾਵੇਜ਼ ਹਨ। ਜਿਸ ਤੋਂ ਬਿਨ੍ਹਾਂ ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ ਮੁਕੰਮਲ ਨਹੀਂ ਕਿਹਾ ਜਾ ਸਕਦਾ। ਸਮੇਂ ਦੇ ਨਾਲ ਭੂਸ਼ਨ ਦੀ ਵਾਰਤਕ ਦੇ ਹੋਰ ਅਧਿਐਨ ਹੋਣਗੇ ਤੇ ਕਈ ਸੂਤਰ ਹੋਰ ਪੰਜਾਬੀ ਸਾਹਿਤ ਆਲੋਚਨਾ ਦਾ ਸ਼ੁਮਾਰ ਬਣਨਗੇ।

## ਹਵਾਲੇ ਤੇ ਟਿੱਪਣੀਆਂ


1. ਭੂਸ਼ਨ ਧਿਆਨਪੁਰੀ, ਰਾਈਟਰਜ਼ ਕਾਲੋਨੀ, ਪੰਨਾ 07.
2. __________, ਮੇਰੀ ਕਿਤਾਬ, ਪੰਨਾ II.
3. __________, ਸਿਰਜਣਧਾਰਾ, ਪੰਨਾ 175.
4. __________, ਉਹੀ, ਪੰਨਾ 17.
5. __________, ਉਹੀ, ਪੰਨਾ 19.
6. __________, ਉਹੀ, ਪੰਨਾ 100.

7. ____________, ਰਾਈਟਰਜ਼ ਕਾਲੋਨੀ, ਪੰਨਾ 26.

8. ____________, ਉਹੀ, ਪੰਨਾ 101.

9. ____________, ਉਹੀ, ਪੰਨਾ 55.

10. ____________, ਮੇਰੀ ਕਿਤਾਬ ਪੰਨੇ 109-10.

11. ____________, ਸਿਰਜਣਧਾਰਾ, ਪੰਨਾ 150.

12. ____________, ਮੇਰੀ ਕਿਤਾਬ, ਪੰਨੇ 120?21.

13. ____________, ਉਹੀ ______, ਪੰਨਾ 188.

14. ____________, ਉਹੀ ______, ਪੰਨਾ 60.

15. ____________, ਉਹੀ ______, ਪੰਨਾ 27.

16. ____________, ਉਹੀ ______, ਪੰਨਾ 43.